WAY MORE
THAN DELICIOUS.

ਅਕਤੂਬਰ 29, 2024

ਪਿਆਰੇ ਉਤਪਾਦਕੋ,

ਜਿਵੇਂ ਕਿ ਤੁਸੀਂ ਮੀਡੀਆ ਵਿੱਚ ਸੁਣਿਆ ਹੋਵੇਗਾ, ਬੀ ਸੀ ਸਰਕਾਰ ਅਤੇ ਬੀ ਸੀ ਇਨਵੈਸਟਮੈਂਟ ਐਗਰੀਕਲਚਰ ਫਾਊਂਡੇਸ਼ਨ (**IAF**) ਨੇ ਅਲਵੇਰੇਜ਼ ਐਂਡ ਮਾਰਸਲ ਕੈਨੇਡਾ ਇੰਕ. (**ਮਾਨੀਟਰ**) ਨਾਲ ਕੰਮ ਕਰਦੇ ਹੋਏ ਤੁਹਾਨੂੰ ਤੁਹਾਡੇ BCTFC ਵਲੋਂ ਬਕਾਇਆ ਰਕਮ ਦੇ ਜਲਦ ਭੁਗਤਾਨ ਦਾ ਉਪਰਾਲਾ ਕੀਤਾ ਹੈ। ਇਹ ਬਕਾਇਆ ਪੈਸੇ ਸਿਰਫ BCTFC ਨੂੰ ਦੇਰ ਨਾਲ ਦਿੱਤੇ ਗਏ 2023 ਸੇਬ, 2024 ਚੈਰੀ, ਅਤੇ 2024 ਪਲੱਮ ਦੇ ਸੰਬੰਧ ਵਿਚ ਹਨ। 24 ਅਕਤੂਬਰ, 2024 ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਗ੍ਰੋਵਰਸ ਸਪਲਾਈ ਕੰਪਨੀ ਲਿਮਟਿਡ (**GSC**), BCTFC, ਮਾਨੀਟਰ ਅਤੇ IAF ਵਿਚਕਾਰ ਇੱਕ ਸਮਝੌਤੇ ਨੂੰ ਮਨਜ਼ੂਰੀ ਦੇ ਦਿਤੀ ਹੈ। ਇਸ ਸਮਝੌਤੇ ਹੇਠਾਂ ਇਕ ਪ੍ਰਕ੍ਰਿਆ ਨਿਰਧਾਰਿਤ ਹੋਇ ਹੈ ਜਿਸ ਤਹਿਤ ਉਤਪਾਦਕ ਆਪਣੀ ਫ਼ਸਲ ਪੂਲ ਪੇਮੈਂਟ ਰਕਮ IAF ਨੂੰ ਬੇਚ ਅਤੇ ਸੌਂਪ ਸਕਦੇ ਨੇ। ਸਰਲ ਭਾਸ਼ਾ ਵਿਚ, IAF ਉਤਪਾਦਕਾਂ ਦੇ ਭੁਗਤਾਨ ਦੇ ਦਾਵੇ ਅਤੇ ਇਨਾ ਦਾਵੇਆ ਨੂੰ ਨਾ ਵਸੂਲ ਕਰ ਪਾਵਨ ਦੀ ਜੋਖਿਮ IAF ਸ੍ਵੀਕਾਰੇਗਾ ਅਤੇ ਉਤਪਾਦਕਾਂ ਨੂੰ BCTFC ਦੁਆਰਾ ਉਨਾ ਦੀ ਸਾਰੀ ਬਕਾਇਆ ਰਕਮ ਦਾ ਭੁਗਤਾਨ ਕਰੇਗਾ। ਇਸ ਸੰਬੰਧ ਵਿਚ, ਮਾਨੀਟਰ ਉਨਾ ਉਤਪਾਦਕਾਂ ਨਾਲ ਮੇਲ ਅਤੇ ਈ-ਮੇਲ ਦੇ ਨਾਲ ਸੰਪਰਕ ਕਰੇਗਾ ਜਿਨ੍ਹਾਂ ਦੀ BCTFC ਕੋਲ ਰਕਮ ਬਕਾਇਆ ਹੈ। ਇਸ ਸੰਪਰਕ ਵਿਚ ਮਾਨੀਟਰ ਉਤਪਾਦਕਾਂ ਨੂੰ ਉਹ ਸਾਰੇ ਦਸਤਾਵੇਜ਼ ਭੇਜੇਗਾ ਜਿਸ ਵਿਚ ਸੰਪਰਕ ਕੀਤੇ ਗਾਤੇ ਉਤਪਾਦਕ ਦੇ ਖਾਤੇ ਦੀ ਜਾਣਕਾਰੀ ਹੋਵੇਗੀ। ਨਾਲ ਹੀ, ਇਸ ਸੰਪਰਕ ਵਿਚ ਮਾਨੀਟਰ ਇਸ ਬਾਰੇ ਵੀ ਜਾਣਕਾਰੀ ਦਵੇਗੇ ਕਿ ਉਤਪਾਦਕ ਕਿਸ ਤਰਾਂ ਆਪਣੇ ਭੁਗਤਾਨ ਦੇ ਦਾਵੇ IAF ਨੂੰ ਸੌਂਪ ਸਕਦਾ ਹੈ, ਜੇਕਰ ਉਹ ਇਦਾ ਕਰਨਾ ਚਾਹੁਣ।

ਹੇਠਾਂ ਕੁਛ ਅਕਸਰ ਪੁੱਛੇ ਜਾਣ ਵਾਲੇ ਸਵਾਲ ਹਨ ਜੋ, ਸਾਡੇ ਵਿਚਾਰ ਵਿਚ, ਉਤਪਾਦਕ ਮਾਨੀਟਰ ਦੁਾਰਾ ਭੇਜੇ ਗਏ ਦਸਤਾਵੇਜ਼ ਪੜ੍ਹਨ ਤੋਂ ਬਾਅਦ ਪੁੱਛ ਸਕਦੇ ਹਨ। ਇਨਾ ਅਕਸਰ ਪੁੱਛੇ ਜਾਣ ਵਾਲੇ ਸਵਾਲ ਅਤੇ ਉਨਾ ਦੇ ਜਵਾਬਾਂ ਵਿਚ ਵਰਤੇ ਗਏ ਉਹ ਸ਼ਬਦ ਜਿਨ੍ਹਾਂ ਨੂੰ ਇਸ ਦਸਤਾਵੇਜ਼ ਵਿਚ ਪਰਿਭਾਸ਼ਿਤ ਨਹੀਂ ਕੀਤਾ ਗਿਆ, ਉਨਾ ਦੀ ਉਹ ਹੀ ਪਰਿਭਾਸ਼ਾ ਹੋਵੇਗੀ ਜੋ ਮਾਨੀਟਰ ਦੁਾਰਾ ਭੇਜੇ ਗਏ ਦਸਤਾਵੇਜ਼ਾਂ ਵਿਚ ਵਰਤੀ ਗਈ ਹੈ।

ਹੇਠਾਂ ਦਿੱਤੀ ਗਈ ਜਾਣਕਾਰੀ ਸਿਰਫ ਤੁਹਾਡੀ ਜਾਣਕਾਰੀ ਦੇ ਲਈ ਹੈ। ਇਸ ਜਾਣਕਾਰੀ ਨੂੰ Claims Procedure, ਜਾਂ ਤੁਹਾਡੇ ਦਾਵੇ IAF ਨੂੰ ਕਿਸ ਤਰਾਂ ਸੌਂਪੇ ਜਾਣ, ਦੇ ਸੰਬੰਧ ਵਿਚ ਕਾਨੂੰਨੀ ਜਾਂ ਕਿਸੇ ਹੋਰ ਕਿਸਮ ਦੇ ਸਲਾਹ ਦੇ ਤੌਰ ਤੇ ਨਾ ਵਰਤਿਆ ਜਾਵੇ। ਜੇ ਤੁਹਾਨੂੰ ਤੁਹਾਡੇ ਅਗਲੇ ਕਦਮਾਂ ਬਾਰੇ ਕੋਈ ਵੀ ਸਵਾਲ ਹਨ, ਜਾਂ ਭਾਸ਼ਾ ਦੀਆਂ ਰੁਕਾਵਟਾਂ ਤੁਹਾਡੇ ਕਿਸੇ ਵੀ ਦਸਤਾਵੇਜ਼ ਨੂੰ ਸਮਝਣ ਵਿਚ ਪਰੇਸ਼ਾਨੀ ਪੇਸ਼ ਕਰ ਰਹੀਆਂ ਹਨ, ਤੁਹਾਨੂੰ ਆਪਣੇ ਖੁਦ ਦੇ ਪੇਸ਼ੇਵਰ ਸਲਾਹਕਾਰਾਂ ਕੋਲੋਂ ਸਲਾਹ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

WAY MORE
THAN DELICIOUS.

# ਅਕਸਰ ਪੁੱਛੇ ਜਾਣ ਵਾਲੇ ਸਵਾਲ: IAF ਭੁਗਤਾਨ

## ਮੈਨੂੰ ਕਦੋਂ ਅਤੇ ਕਿਵੇਂ ਭੁਗਤਾਨ ਮਿਲੇਗਾ?

ਉਤਪਾਦਕਾਂ ਨੂੰ ਮਾਨੀਟਰ ਦੁਆਰਾ ਰੱਖੇ ਖਾਤੇ ਤੋਂ ਚੈੱਕ ਦੁਆਰਾ ਭੁਗਤਾਨ ਕੀਤਾ ਜਾਵੇਗਾ। ਮੌਨੀਟਰ ਦੁਆਰਾ ਭੇਜੇ ਗਏ ਦਸਤਾਵੇਜ਼ ਮਿਲਣ ਤੋਂ ਬਾਅਦ, ਤੁਸੀਂ ਆਪਣੇ ਭੁਗਤਾਨ ਦੀ ਵਸੂਲੀ ਨੂੰ ਤੇਜ਼ ਕਰ ਸਕਦੇ ਹੋ। ਇੰਜ ਕਰਨ ਲਈ, ਮਾਨੀਟਰ ਦੁਆਰਾ ਭੇਜੇ ਗਏ Acceptance Notice ਦਸਤਾਵੇਜ਼ ਨੂੰ ਭਰ ਕੇ ਵਾਪਿਸ ਭੇਜੋ। ਇਹ ਦਸਤਾਵੇਜ਼ ਤੁਹਾਡੇ ਭੁਗਤਾਨ ਦੀ ਰਕਮ ਅਤੇ ਇਸ ਭੁਗਤਾਨ ਨੂੰ IAF ਨੂੰ ਸੌਂਪਣ ਦੀ ਪੁਸ਼ਟੀ ਕਰੇਗਾ। ਮਾਨੀਟਰ ਫਿਰ ਤੁਹਾਨੂੰ ਇੱਕ Assignment and Release Agreement ਪੂਰਾ ਭਰਕੇ ਵਾਪਿਸ ਕਰਨ ਲਈ ਭੇਜੇਗਾ। ਕੋਸ਼ਿਸ਼ ਇਹ ਹੋਵੇਗੀ ਕਿ ਤੁਹਾਡਾ ਬਕਾਇਆ ਚੈੱਕ ਪੂਰਾ ਅਤੇ ਠੀਕ ਤਰਾਂ ਭਰਿਆ Assignment and Release Agreement ਮਿਲਣ ਦੇ 14 ਦਿਨਾਂ ਦੇ ਅੰਦਰ ਜਾਰੀ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਜਿਸ ਜਿਸ ਉਤਪਾਦਕ ਨੇ 19 ਨਵੰਬਰ, 2024 ਤਕ Dispute Notice ਜਮਾਂ ਨਹੀਂ ਕਰਾਇਆ ਅਤੇ ਜਿਸ ਨੇ Assignment and Release Agreement ਤੇ ਦਸਤਖ਼ਤ ਕਰ ਦਿਤੇ ਹਨ, ਉਸ ਉਤਪਾਦਕ ਦਾ ਭੁਗਤਾਨ ਕਰ ਦਿਤੇ ਜਾਵੇਗਾ। ਅਜਿਹੇ ਭੁਗਤਾਨ ਦਸੰਬਰ 6, 2024 ਤੱਕ ਕੀਤੇ ਜਾਣ ਦੀ ਉਮੀਦ ਹੈ।

## ਜੇ ਮੈਨੂੰ ਮਾਨੀਟਰ ਤੋਂ ਕੋਈ ਈਮੇਲ ਜਾਂ ਪੱਤਰ ਪ੍ਰਾਪਤ ਨਹੀਂ ਹੁੰਦਾ ਤਾਂ ਕੀ ਹੋਵੇਗਾ?

ਮਾਨੀਟਰ ਪਹਿਲਾਂ ਈਮੇਲ ਰਾਹੀਂ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰੇਗਾ, ਇਸ ਲਈ ਆਪਣੇ ਜੰਕ ਅਤੇ ਸਪੈਮ ਫੋਲਡਰਾਂ ਨੂੰ ਚੈੱਕ ਕਰਦੇ ਰਹੋ । ਜੇਕਰ ਤੁਹਾਨੂੰ 19 ਨਵੰਬਰ, 2024 ਤੋਂ ਪਹਿਲਾਂ ਮਾਨੀਟਰ ਵਲੋਂ ਸੰਪਰਕ ਨਹੀਂ ਕੀਤਾ ਜਾਂਦਾ, ਤਾਂ ਸੰਭਾਵਨਾ ਇਹ ਹੋਵੇਗੀ ਕਿ ਤੁਹਾਡੀ BCTFC ਨੂੰ ਜਾਂ GSC ਨੂੰ ਬਕਾਇਆ ਰਕਮ ਤੁਹਾਡੇ ਉਤਪਾਦਕ ਖਾਤੇ ਨੂੰ ਕਰੈਡਿਟ ਕੀਤੇ ਗਏ ਪੂਲ ਰਿਟਰ੍ਨ੍ਸ ਤੋਂ ਵਧਕੇ ਹੈ। ਤੁਸੀਂ bctreefruits@alvarezandmarsal.com ਤੇ ਈਮੇਲ ਦੁਆਰਾ ਮਾਨੀਟਰ ਨਾਲ ਸੰਪਰਕ ਕਰਕੇ ਇਸਦੀ ਪੁਸ਼ਟੀ ਕਰ ਸਕਦੇ ਹੋ।

## ਮਾਨੀਟਰ ਦੁਆਰਾ ਭੇਜੇ ਗਏ ਦਸਤਾਵੇਜ਼ ਮਿਲਣ ਤੋਂ ਬਾਅਦ ਮੇਰੇ ਕੋਲ ਜਵਾਬ ਦੇਣ ਲਏ ਕਿੰਨਾ ਸਮਾਂ ਹੈ?

29 ਅਕਤੂਬਰ, 2024 ਤੱਕ ਤੁਹਾਨੂੰ ਮਾਨੀਟਰ ਵਲੋਂ ਦਸਤਾਵੇਜ਼ਾਂ ਦਾ ਇੱਕ ਪੈਕੇਜ ਭੇਜਿਆ ਜਾਵੇਗਾ। ਜੇਕਰ ਤੁਸੀਂ 19 ਨਵੰਬਰ, 2024 ਤੱਕ ਮਾਨੀਟਰ ਨੂੰ ਜਵਾਬ ਨਹੀਂ ਦਿੰਦੇ, ਤਾਂ ਤੁਹਾਡਾ Grower's Claim Proven Claim ਮਨ ਲਿਆ ਜਾਵੇਗਾ। ਇਸ ਦੇ ਬਾਵਜੂਦ, ਮਾਨੀਟਰ ਦੁਆਰਾ ਭੁਗਤਾਨ ਕੀਤੇ ਜਾਣ ਲਈ, ਤੁਹਾਨੂੰ ਪੂਰੀ ਤਰਾਂ ਭਰਿਆ Assignment and Release Agreement ਮਾਨੀਟਰ ਨੂੰ ਭੇਜਣਾ ਪਵੇਗਾ।

## EFT ਡਿਪੋਸਿਤ ਦੁਆਰਾ ਭੁਗਤਾਨ ਕਿਉਂ ਨਹੀਂ ਕੀਤਾ ਜਾ ਸਕਦਾ ਹੈ?

ਇਹ ਮਾਨੀਟਰ ਦੁਆਰਾ ਕੀਤਾ ਜਾਣ ਵਾਲਾ ਸਿਰਫ ਇੱਕ-ਵਾਰ ਦਾ ਭੁਗਤਾਨ ਹੈ, ਅਤੇ ਮਾਨੀਟਰ EFT ਟ੍ਰਾਂਸਫਰ ਭੇਜਣ ਵਿੱਚ ਅਸਮਰੱਥ ਹਨ।

**ਭੁਗਤਾਨ ਵਿੱਚ ਕੀ ਸ਼ਾਮਲ ਹੈ?**

ਭੁਗਤਾਨ 2023 ਲੇਟ ਐਪਲ ਪੂਲ ਕਲੋਜ਼, 2024 ਚੈਰੀ ਪੂਲ ਅਤੇ 2024 ਪਲੱਮ ਪੂਲ ਲਈ ਹਨ (ਪੂਲ ਕਲੋਜ਼ 'ਤੇ ਲਾਗੂ ਕੀਤੀਆਂ ਜਾਣ ਵਾਲੀਆਂ ਨਿਯਮਤ ਕਟੌਤੀਆਂ ਤੋਂ ਬਾਦ)। ਇਨਾਂ ਕਟੌਤੀਆਂ ਵਿੱਚ BCTFC ਪ੍ਰਸ਼ਾਸਨ ਫੀਸ ਅਤੇ/ਜਾਂ GSC ਨੂੰ ਬਕਾਇਆ ਖਾਤੇ ਸ਼ਾਮਿਲ ਹੋ ਸਕਦੇ ਹਨ।

**ਬਕਾਇਆ ਲੋਨ ਸਰਟੀਫਿਕੇਟ ਬਾਰੇ ਕੀ?**

ਕੋਈ ਵੀ ਰਕਮ ਜੋ ਉਤਪਾਦਕਾਂ ਨੂੰ ਲੋਨ ਸਰਟੀਫਿਕੇਟਸ ਅਧੀਨ ਬਕਾਇਆ ਹਨ, ਜਾਂ ਕੋਈ ਵੀ ਹੋਰ ਦਾਵਾ, ਸਿਰਫ ਦਾਵਾ ਹੀ ਰਹੇਗਾ ਜੋ ਕੀ CCAA ਦੇ ਕਾਨੂੰਨੀ ਪ੍ਰਕ੍ਰਿਆ ਤਹਿਤ ਤੈ ਕੀਤਾ ਜਾਵੇਗਾ।

**ਕੀ ਮੈਂ IAF ਭੁਗਤਾਨ ਤੋਂ ਇਨਕਾਰ ਕਰ ਸਕਦਾ ਹਾਂ?**

ਜੇਕਰ ਤੁਸੀ IAF ਨੂੰ ਆਪਣਾ ਦਾਅਵਾ ਸੌਂਪਣਾ ਨਹੀਂ ਚਾਹੁੰਦੇ ਹੋ, ਤਾਂ ਤੁਸੀਂ ਮਾਨੀਟਰ ਨੂੰ ਆਪਣਾ Dispute Notice ਭੇਜ ਸਕਦੇ ਹੋ। Dispute Notice ਭੇਜੇ ਜਾਣ ਤੇ ਤੁਹਾਨੂੰ ਇਸ ਜਲਦ ਭੁਗਤਾਨ ਪ੍ਰਕ੍ਰਿਆ ਦੇ ਅੰਤਰਗਤ ਕੋਈ ਭੁਗਤਾਨ ਨਹੀਂ ਮਿਲੇਗਾ, ਅਤੇ ਤੁਹਾਡਾ ਦਾਵਾ CCAA ਕਾਨੂੰਨੀ ਪ੍ਰਕ੍ਰਿਆ ਦੇ ਤਹਿਤ ਹੋਰ ਅਸੁਰੱਖਿਅਤ ਦਾਵਿਆਂ ਦੀ ਤਰਾਂ ਤੈ ਕੀਤਾ ਜਾਵੇਗਾ। ਸਪੱਸ਼ਟ ਹੋਣ ਲਈ: ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਤੁਹਾਡਾ ਦਾਅਵਾ - ਜਾਂ ਕੋਈ ਹੋਰ ਅਸੁਰੱਖਿਅਤ ਦਾਅਵਾ - CCAA ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਜਾਂ ਕਿਸੇ ਹੋਰ ਤੌਰ ਤੇ ਸੰਤੁਸ਼ਟ ਹੋਵੇਗਾ।

**ਜੇ ਮੈਂ ਮਾਨੀਟਰ ਤੋਂ ਮਿਲੇ ਪੈਕੇਜ ਵਿੱਚ ਨਿਰਧਾਰਿਤ ਮੇਰੇ ਦਾਵੇ ਦੀ ਰਕਮ ਨਾਲ ਅਸਹਿਮਤ ਹਾਂ ਤਾਂ ਮੈਂ ਕੀ ਕਰ ਸਕਦਾ ਹਾਂ?**

ਜੇਕਰ ਤੁਸੀਂ ਮਾਨੀਟਰ ਦੁਆਰਾ ਨਿਰਧਾਰਿਤ ਕੀਤੀ ਤੁਹਾਡੇ ਦਾਵੇ ਦੀ ਰਕਮ ਨਾਲ ਅਸਹਿਮਤ ਹੋ, ਤੁਸੀਂ ਮਾਨੀਟਰ ਨੂੰ Dispute Notice ਭੇਜ ਸਕਦੇ ਹੋ। ਜੇਕਰ ਤੁਸੀਂ ਅਤੇ ਮਾਨੀਟਰ Dispute Resolution Date - ਜੋ ਕੀ 3 ਦਸੰਬਰ, 2024 ਹੈ - ਤੋਂ ਪਹਿਲਾ ਆਪਣਾ ਵਿਵਾਦ ਸੁਲਝਾ ਪਾਏ ਅਤੇ ਤੁਸੀਂ Assignment and Release Agreement ਭਰ ਕੇ ਵਾਪਿਸ ਭੇਜ ਦਿੱਤਾ, ਤੁਹਾਨੂੰ ਤੁਹਾਡੀ ਮਾਨੀਟਰ ਨਾਲ ਸੁਲਝਾਈ ਰਕਮ ਭੁਗਤਾ ਦਿਤੀ ਜਾਵੇਗੀ। ਜੇਕਰ ਤੁਸੀਂ ਅਤੇ ਮਾਨੀਟਰ Dispute Resolution Date ਤੋਂ ਪਹਿਲਾਂ ਵਿਵਾਦ ਨੂੰ ਹੱਲ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਇਸ ਜਲਦ ਭੁਗਤਾਨ ਪ੍ਰਕਿਰਿਆ ਦੁਆਰਾ ਤੁਹਾਨੂੰ ਕੋਈ ਭੁਗਤਾਨ ਨਹੀਂ ਦਿੱਤਾ ਜਾਵੇਗਾ, ਪਰ ਤੁਸੀਂ ਬਾਦ ਵਿਚ CCAA ਪ੍ਰਕਿਰਿਆ ਦੇ ਤਹਿਤ ਹੋਰ ਅਸੁਰੱਖਿਅਤ ਦਾਵਿਆਂ ਦੀ ਤਰਾਂ ਆਪਣੇ ਦਾਵੇ ਨੂੰ ਵੀ ਰੱਖ ਸਕਦੇ ਹੋ।

**ਕੀ IAF ਭੁਗਤਾਨ ਲੈਣ ਨਾਲ ਇਸ ਪ੍ਰਕਿਰਿਆ ਵਿੱਚ ਮੇਰੇ ਕਿਸੇ ਹੋਰ ਦਾਵਿਆਂ ਨੂੰ ਖ਼ਤਰਾ ਹੈ?**

ਨਹੀਂ। ਤੁਹਾਡਾ 2023/2024 ਫਰੂਟ ਕ੍ਰੋਪ ਦਾਵੇ ਨੂੰ IAF ਨੂੰ ਸੌਂਪਣਾਂ ਅਤੇ ਪੂਰਾ ਭੁਗਤਾਨ ਵਸੂਲ ਕਰਨਾ ਤੁਹਾਡੇ BCTFC ਖਿਲਾਫ ਕਿਸੇ ਹੋਰ ਦਾਵੇ ਤੇ ਅਸਰ ਨਹੀਂ ਪਾਉਂਦਾ। ਇਦਾਂ ਦੇ ਸਾਰੇ ਬਾਕੀ ਦਾਵੇ (ਜਿਵੇਂ ਕਿ ਲੋਨ ਸਰਟੀਫੀਕੇਟਸ ਤੇ) CCAA ਪ੍ਰਕਿਰਿਆ ਵਿੱਚ ਹੱਲ ਕੀਤੇ ਜਾਣਗੇ।

## IAF ਭੁਗਤਾਨ ਹੁੰਣੇ ਲੈਣ ਦੇ ਕੀ ਫਾਇਦੇ ਹਨ?

CCAA ਭੁਗਤਾਨ ਦੀ ਤੁਲਨਾ ਵਿਚ, ਹੁੰਣੇ IAF ਭੁਗਤਾਨ ਲੈਣ ਨਾਲ ਤੁਹਾਨੂੰ ਤੁਹਾਡੀ ਪੂਰੀ ਪੂਲ ਰਕਮ (ਪੂਲ ਕਮਾਈ ਘੱਟ ਕਟੌਤੀਆਂ) ਹੁਣ ਹੀ ਮਿਲ ਜਾਵੇਗੀ। ਕਿਉਂਕਿ ਹਰੇਕ ਕੇਸ ਵੱਖਰਾ ਹੁੰਦਾ ਹੈ, ਅਸੀਂ ਇਹ ਨਹੀਂ ਦੱਸ ਸਕਦੇ ਕਿ CCAA ਪ੍ਰਕਿਰਿਆ ਕਦੋ ਖਤਮ ਹੋਵੇਗੀ। ਕੁਝ ਮਾਮਲਿਆਂ ਨੂੰ ਪੂਰਾ ਹੋਣ ਵਿੱਚ ਮਹੀਨੇ ਜਾਂ ਸਾਲ ਵੀ ਲੱਗ ਜਾਂਦੇ ਹਨ।

ਇਸ ਜਲਦ ਭੁਗਤਾਨ ਪ੍ਰਕਿਰਿਆ ਦੇ ਅਧੀਨ IAF ਤੁਹਾਡੀ ਪੂਲ ਭੁਗਤਾਨ ਰਕਮਾਂ ਨੂੰ ਵਸੂਲ ਕਰ ਪਾਵਣ ਦੀ ਜੋਖਮ ਲੈ ਰਿਹਾ ਹੈ। ਜੇਕਰ ਕਿਸੇ ਕਾਰਨ ਕਰਕੇ ਬੈਂਕ ਅਤੇ ਕਿਸੇ ਹੋਰ ਸੁਰੱਖਿਅਤ ਲੈਣਦਾਰ ਨੂੰ ਭੁਗਤਾਨ ਕੀਤੇ ਜਾਣ ਤੋਂ ਬਾਅਦ ਅਸੁਰੱਖਿਅਤ ਲੈਣਦਾਰ ਦੇ ਕਰਜ਼ੇ ਨੂੰ 100% ਸੰਤੁਸ਼ਟ ਕਰਨ ਲਈ ਲੋੜੀਂਦੀ ਰਕਮ ਨਹੀਂ ਬਚਦੀ, ਤਾਂ ਅਸੁਰੱਖਿਅਤ ਲੈਣਦਾਰਾਂ ਨੂੰ ਉਹਨਾਂ ਦੀ ਬਕਾਇਆ ਰਕਮ ਪੂਰੀ ਬਕਾਇਆ ਰਕਮ ਤੋਂ ਘੱਟ ਮਿਲੇਗੀ।

## ਮੇਰੀ ਮੈਂਬਰਸ਼ਿਪ ਇਕੁਇਟੀ ਬਾਰੇ ਕੀ?

IAF ਭੁਗਤਾਨ ਦਾ BCTFC ਵਿੱਚ ਮੈਂਬਰਸ਼ਿਪ ਜਾਂ ਮੈਂਬਰ ਇਕੁਇਟੀ ਤੇ ਕੋਈ ਅਸਰ ਨਹੀਂ ਹੈ। ਸਦੱਸਤਾ ਦੇ ਸ਼ੇਅਰ ਅਤੇ ਇਕੁਇਟੀ CCAA ਪ੍ਰਕਿਰਿਆ ਵਿੱਚ ਨਜਿੱਠੇ ਜਾ ਸਕਦੇ ਹਨ, ਪਰ ਸਾਰੇ ਲੈਣਦਾਰ ਦਾਵਿਆਂ ਦਾ ਪੂਰਾ ਭੁਗਤਾਨ ਕੀਤੇ ਜਾਣ ਤੋਂ ਬਾਅਦ ਹੀ।

### Claims Procedure ਵਿੱਚ IAF ਦੀ ਕੀ ਭੂਮਿਕਾ ਹੈ?

IAF ਉਤਪਾਦਕਾਂ ਦੇ Proven Claims ਨੂੰ ਖਰੀਦਣ ਅਤੇ ਪ੍ਰਾਪਤ ਕਰਨ ਲਈ ਸਹਿਮਤ ਹੋ ਗਿਆ ਹੈ, ਪਰ Claims Procedure ਵਿੱਚ ਉਸਦੀ ਕੋਈ ਭੂਮਿਕਾ ਨਹੀਂ ਹੋਵੇਗੀ। ਮਾਨੀਟਰ Claims Procedure ਦੀ ਪ੍ਰਕਿਰਿਆ ਦੀ ਨਿਗਰਾਨੀ ਕਰੇਗਾ, ਜਿਸ ਵਿੱਚ ਉਤਪਾਦਕਾਂ ਨੂੰ Claims Notices ਭੇਜਣਾ ਅਤੇ ਭੁਗਤਾਨਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।

## ਜੇਕਰ ਮੇਰੇ IAF ਭੁਗਤਾਨ ਬਾਰੇ ਹੋਰ ਸਵਾਲ ਹਨ ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

ਆਪਣੇ ਕਿਸੇ ਵੀ ਸਵਾਲ ਦੇ ਲਈ ਕਿਰਪਾ ਕਰਕੇ bctreefruits@alvarezandmarsal.com ਤੇ ਈਮੇਲ ਕਰੋ ਜਾਂ 1-877-425-6012 ਤੇ ਫ਼ੋਨ ਕਰੋ।

ਸਤਿਕਾਰ,

ਬੀ ਸੀ ਟ੍ਰੀ ਫਰੂਟਸ ਕੋਆਪਰੇਟਿਵ ਅਤੇ ਅਲਵਰੇਜ ਐਂਡ ਮਾਰਸਲ ਕੈਨੇਡਾ ਇੰਕ.

***ਜੇਕਰ ਇਸ ਨੋਟਿਸ ਦੇ ਅੰਗਰੇਜ਼ੀ ਅਤੇ ਪੰਜਾਬੀ ਸੰਸਕਰਣ ਵਿੱਚ ਕੋਈ ਅੰਤਰ ਹੈ, ਤਾਂ ਅੰਗਰੇਜ਼ੀ ਸੰਸਕਰਣ ਨੂੰ ਅਧਿਕਾਰਤ ਦਸਤਾਵੇਜ਼ ਮੰਨਿਆ ਜਾਵੇਗਾ।